# ਸੰਖੇਪ ਜੀਵਨੀ ਭਾਈ ਪਾਲ ਸਿੰਘ ਪੁਰੇਵਾਲ

## – ਸਰਵਜੀਤ ਸਿੰਘ ਸੈਕਰਾਮੈਂਟੋ

ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ, ਭਾਈ ਪਾਲ ਸਿੰਘ ਪੁਰੇਵਾਲ ਜੀ ਦਾ ਜਨਮ ਉਨ੍ਹਾਂ ਦੇ ਨਾਨਕੇ ਪਿੰਡ ਬਿਲਗਾ (ਜ਼ਿਲ੍ਹਾ ਜਲੰਧਰ) ਵਿਖੇ 23 ਨਵੰਬਰ 1932 ਨੂੰ ਹੋਇਆ ਸੀ। ਉਨ੍ਹਾਂ ਨੇ ਆਪਣੇ ਪਿੰਡ ਸ਼ੰਕਰ (ਜ਼ਿਲ੍ਹਾ ਜਲੰਧਰ) ਦੇ ਖ਼ਾਲਸਾ ਹਾਈ ਸਕੂਲ ਵਿਚੋਂ 1948 ਈ: 'ਚ ਦਸਵੀਂ ਪਾਸ ਕੀਤੀ। ਉਸ ਤੋਂ ਬਾਅਦ F.Sc. ਅਤੇ ਡੀ.ਏ.ਵੀ. ਕਾਲਜ ਜਲੰਧਰ ਤੋਂ B.Sc. ਕਰਨ ਉਪ੍ਰੰਤ B.T. ਕੀਤੀ। ਸ: ਪੁਰੇਵਾਲ ਨੇ ਆਪਣੇ ਹੀ ਪਿੰਡ ਦੇ ਖ਼ਾਲਸਾ ਹਾਈ ਸਕੂਲ ਸ਼ੰਕਰ ਵਿਚ ਕਈ ਸਾਲ ਸਾਇੰਸ ਮਾਸਟਰ ਦੇ ਤੌਰ 'ਤੇ ਨੌਕਰੀ ਕੀਤੀ। ਪੜ੍ਹਾਈ 'ਚ ਹੁਸ਼ਿਆਰ ਹੋਣ ਦੇ ਨਾਲ-ਨਾਲ ਉਹ, ਬਾਸਕਟਬਾਲ ਅਤੇ ਸ਼ਤਰੰਜ ਦੇ ਵੀ ਚੰਗੇ ਖਿਡਾਰੀ ਰਹੇ ਸਨ।

ਸ: ਪਾਲ ਸਿੰਘ ਪੁਰੇਵਾਲ, ਸੰਨ 1965 ਈ: 'ਚ ਸਿੱਖਿਆ ਵਿਭਾਗ ਤੋਂ ਛੁੱਟੀ ਲੈ ਕੇ ਇੰਗਲੈਂਡ ਚਲੇ ਗਏ ਪਰ ਭਾਰਤ-ਪਾਕਿ-ਸਤਾਨ ਯੁੱਧ ਲੱਗਣ ਕਾਰਨ ਛੁੱਟੀ ਰੱਦ ਹੋ ਜਾਣ 'ਤੇ ਵਾਪਸ ਆਉਣਾ ਪਿਆ। ਸੰਨ 1966 ਈ: 'ਚ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਪੱਕੇ ਤੌਰ 'ਤੇ ਇੰਗਲੈਂਡ ਚਲੇ ਗਏ। ਟੈਕਸਾਸ ਇੰਸਟਰੂਮੈਂਟਸ (Texas Instruments) ਵਿਚ ਨੌਕਰੀ ਆਰੰਭ ਕਰ ਦਿੱਤੀ। ਸੰਨ 1974 'ਚ ਉਹ ਕੈਨੇਡਾ ਚਲੇ ਗਏ ਅਤੇ ਆਈ.ਟੀ. ਵਿਚ ਕੰਪਿਊਟਰ ਪ੍ਰੋਗਰਾਮਿੰਗ ਵਿਭਾਗ ਦੇ ਮੁੱਖ ਪ੍ਰਬੰਧਕ ਦੀਆਂ ਸੇਵਾਵਾਂ ਨਿਭਾਈਆਂ।







ਸ: ਪਾਲ ਸਿੰਘ ਪੁਰੇਵਾਲ ਨੂੰ ਵਿਦਿਆਰਥੀ ਜੀਵਨ ਤੋਂ ਹੀ ਕੈਲੰਡਰ ਵਿਸ਼ੇ 'ਚ ਬਹੁਤ ਦਿਲਚਸਪੀ ਸੀ। ਇਸ ਲਈ ਉਹ ਹਰ ਸਾਲ ਜੰਤਰੀ ਖ਼ਰੀਦਦੇ ਸਨ। ਜੰਤਰੀ ਵਿਚ ਦਰਜ ਤਿੱਥ, ਘੜੀ, ਪਲ, ਨਛੱਤਰ, ਯੋਗ ਆਦਿ ਨੂੰ ਜਾਣਨ/ ਸਮਝਣ ਸਬੰਧੀ ਦਿਲਚਸਪੀ ਵਧਦੀ ਗਈ ਤਾਂ ਹੋਰ ਕਿਤਾਬਾਂ ਪੜ੍ਹਨੀਆਂ ਆਰੰਭ ਦਿੱਤੀਆਂ। ਉਨ੍ਹਾਂ ਨੇ ਕੈਲੰਡਰ ਸਬੰਧੀ, ਸੂਰਜ ਸਿਧਾਂਤ', 'ਗ੍ਰਹਿ ਲਾਘਮ' 'ਮਕਰੰਦ ਸਾਰਨੀ' ਆਦਿ ਕਿਤਾਬਾਂ ਦਾ ਅਧਿਐਨ ਕੀਤਾ। ਸ: ਪਾਲ ਸਿੰਘ ਜੀ ਨੇ ਇਨ੍ਹਾਂ ਕਿਤਾਬਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ, ਘੋਖਿਆ ਅਤੇ ਕੈਲੰਡਰ ਦੇ ਨਾਲ-ਨਾਲ ਟੇਵੇ/ ਜਨਮ ਪੱਤਰੀਆਂ ਬਣਾਉਣ ਅਤੇ ਉਨ੍ਹਾਂ ਦੀ ਪਰਖ-ਪੜਚੋਲ ਕਰਨ ਦੀ ਯੋਗਤਾ ਵੀ ਹਾਸਲ ਕਰ ਲਈ। 1985 ਈ: ਵਿਚ ਉਨ੍ਹਾਂ ਨੇ ਕੰਪਿਊਟਰ ਪ੍ਰੋਗਰਾਮ ਤਿਆਰ ਕੀਤਾ, ਜਿਸ ਦੀ ਮਦਦ ਨਾਲ ਕੋਈ ਵੀ ਤਾਰੀਖ਼ ਇੱਕ ਤੋਂ ਦੂਸਰੀ ਪੱਧਤੀ 'ਚ ਆਸਾਨੀ ਨਾਲ ਬਦਲੀ ਜਾ ਸਕਦੀ ਹੈ।

ਇਤਿਹਾਸ ਪੜ੍ਹਦਿਆਂ ਉਨ੍ਹਾਂ ਵੇਖਿਆ ਕਿ ਇਤਿਹਾਸਕਾਰ ਆਪਣੀਆਂ ਪੁਸਤਕਾਂ ਵਿਚ ਇੱਕੋ ਘਟਨਾ ਦੀਆਂ ਵੱਖ-ਵੱਖ ਤਾਰੀਖ਼ਾਂ ਲਿਖਦੇ ਹਨ। ਇਨ੍ਹਾਂ 'ਚ ਕਿਹੜੀ ਤਾਰੀਖ਼ ਸਹੀ ਮੰਨੀ ਜਾਵੇ, ਇਸ ਵਖਰੇਵੇਂ ਦੀ ਪੜਤਾਲ ਕੀਤੀ ਤਾਂ ਇਸ ਸਿੱਟੇ 'ਤੇ ਪਹੁੰਚੇ ਕਿ ਸਿੱਖ ਇਤਿਹਾਸ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਅਤੇ ਹਿਜਰੀ ਕੈਲੰਡਰ ਦੀਆਂ ਤਾਰੀਖ਼ਾਂ 'ਚ ਲਿਖਿਆ ਮਿਲਦਾ ਹੈ, ਪਰ ਅੰਗਰੇਜ਼ਾਂ ਦੇ ਰਾਜ ਵੇਲੇ, ਬਹੁਤੇ ਇਤਿਹਾਸਕਾਰਾਂ ਨੇ ਅੰਗਰੇਜ਼ੀ ਤਾਰੀਖ਼ਾਂ (ਜੂਲੀਅਨ ਅਤੇ ਗਰੈਗੋਰੀਅਨ) ਲਿਖਣੀਆਂ ਆਰੰਭ ਕਰ ਦਿੱਤੀਆਂ। ਇਕ ਕੈਲੰਡਰ ਤੋਂ ਦੂਜੇ ਕੈਲੰਡਰ ਵਿਚ, ਤਾਰੀਖ਼ਾਂ ਦੀ ਅਦਲਾ-ਬਦਲੀ ਕਰਨ ਦਾ ਕੋਈ ਠੋਸ ਸਾਧਨ ਨਾ ਹੋਣ ਕਾਰਨ ਗ਼ਲਤੀਆਂ ਦਰ ਗ਼ਲਤੀਆਂ ਹੁੰਦੀਆਂ ਗਈਆਂ। ਇਸ ਸਮੱਸਿਆ ਦੇ ਹੱਲ ਲਈ ਉਨ੍ਹਾਂ ਨੇ 500 ਸਾਲਾ ਜੰਤਰੀ (1469 ਈ: ਤੋਂ 2000 ਈ:) ਤਿਆਰ ਕੀਤੀ। ਜਿਸ ਦੀ ਸਹਾਇਤਾ ਨਾਲ, ਬਿਕ੍ਰਮੀ ਕੈਲੰਡਰ (ਵਦੀ-ਸੁਦੀ ਅਤੇ ਪ੍ਰਵਿਸ਼ਟੇ), ਹਿਜਰੀ ਕੈਲੰਡਰ ਅਤੇ ਅੰਗਰੇਜ਼ੀ ਕੈਲੰਡਰ ਦੀਆਂ ਤਾਰੀਖ਼ਾਂ ਅਤੇ ਦਿਨ ਦੀ ਪੜਤਾਲ ਕਰਨੀ ਸੰਭਵ ਹੋ ਗਈ।

ਸਿੱਖ ਇਤਿਹਾਸਕ ਦੇ 34 ਵਸੀਲਿਆਂ 'ਚ ਸਾਰੀਆਂ ਇਤਿਹ-ਾਸਕ ਤਾਰੀਖ਼ਾਂ ਦੀ ਸੂਚੀ ਤਿਆਰ ਕਰਕੇ, ਉਨ੍ਹਾਂ ਦੀ ਪੜਤਾਲ ਕਰਨ ਉਪਰੰਤ ਸਿੱਖ ਇਤਿਹਾਸ ਦੀਆ ਸਹੀ ਤਾਰੀਖ਼ਾਂ ਦੀ ਇਕ ਸੂਚੀ ਤਿਆਰ ਕੀਤੀ। ਸਿੱਖ ਵਿਦਵਾਨਾਂ ਤੇ ਇਤਿਹਾਸਕਾਰਾਂ ਨਾਲ ਕਈ ਸਾਲ ਵਿਚਾਰ ਵਟਾਂਦਰਾ ਕਰਨ ਉਪਰੰਤ 1998 ਈ: ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ। ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਸ ਕਰਨ ਉਪਰੰਤ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਾਗੂ ਕਰਨ ਲਈ ਪ੍ਰਵਾਨਗੀ ਦਿੱਤੀ ਗਈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 1999 ਤੋਂ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਨਾਨਕਸ਼ਾਹੀ ਕੈਲੰਡਰ ਵਿਚ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ, ਅਸਲ ਪ੍ਰਵਿਸ਼ਟਿਆਂ ਮੁਤਾਬਿਕ ਦਰਜ ਕੀਤੇ ਗਏ ਸਨ। ਸਾਲ ਦੀ ਲੰਬਾਈ ਗੁਰਬਾਣੀ ਦੀ ਪਾਵਨ ਪੰਗਤੀ **"ਰਥੁ ਫਿਰੈ ਛਾਇਆ ਧਨ ਤਾਕੈ"**ਆਧਾਰਿਤ, ਰੁੱਤੀ ਸਾਲ ਦੇ ਬਰਾਬਰ ਰੱਖੀ ਗਈ। ਸਾਲ ਦੀ ਲੰਬਾਈ ਰੁੱਤੀ ਸਾਲ ਦੀ ਹੋਣ ਕਾਰਨ, ਇੱਕ ਵਾਰ ਨਿਸ਼ਚਿਤ ਕੀਤੇ ਪ੍ਰਵਿਸ਼ਟੇ ਤੇ ਹਰ ਸਾਲ ਪੱਕੀ ਤਾਰੀਖ਼ ਹੀ ਆਵੇਗੀ। ਜਿਵੇਂ ਨਵਾਂ ਸਾਲ ਅਤੇ ਹੋਲਾ ਮਹੱਲਾ, 1 ਚੇਤ ਨੂੰ 14 ਮਾਰਚ, ਵੈਸਾਖੀ 1 ਵੈਸਾਖ/ 14 ਅਪ੍ਰੈਲ, ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ 2 ਹਾੜ/

16 ਜੂਨ, ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ 11 ਮੱਘਰ/ 24 ਨਵੰਬਰ, ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ/ 21 ਦਸੰਬਰ, ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ; ਹਰ ਸਾਲ 13 ਪੋਹ/ 26 ਦਸੰਬਰ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ 23 ਪੋਹ ਨੂੰ ਹਰ ਸਾਲ 5 ਜਨਵਰੀ ਹੀ ਆਵੇਗੀ।

ਇਸ ਤੋਂ ਇਲਾਵਾ ਨਾਨਕਸ਼ਾਹੀ ਕੈਲੰਡਰ ਗੁਰਬਾਣੀ ਮੁਤਾਬਿਕ ਹੋਣ ਕਾਰਨ, ਗੁਰੂ ਅਰਜਨ ਸਾਹਿਬ ਜੀ ਵੱਲੋਂ ਉਚਾਰਨ ਕੀਤੀ ਗਈ ਬਾਣੀ, ਰੁੱਤੀ ਸਲੋਕ (ਰਾਮਕਲੀ ਰਾਗ) 'ਚ ਦਰਜ ਛੇ ਰੁੱਤਾਂ ਦਾ ਸਬੰਧ, ਨਾਨਕਸ਼ਾਹੀ ਕੈਲੰਡਰ ਦੇ ਮਹੀਨਿਆਂ ਦੀਆਂ ਰੁੱਤਾਂ ਨਾਲ ਹਮੇਸ਼ਾ ਲਈ ਉਹੀ ਰਹੇਗਾ, ਜੋ ਅੱਜ ਕੱਲ੍ਹ ਦੇ ਮਹੀਨਿਆਂ 'ਚ ਚੱਲ ਰਿਹਾ ਹੈ। ਜਦੋਂ ਕਿ ਬਿਕ੍ਰਮੀ ਕੈਲੰਡਰ ਦੇ ਮਹੀਨਿਆਂ ਦੀਆਂ ਰੁੱਤਾਂ ਦਾ ਸੰਬੰਧ ਨਿਰੰਤਰ ਖਿਸਕ ਰਿਹਾ ਹੈ। ਨਾਨਕਸ਼ਾਹੀ ਕੈਲੰਡਰ ਦੀ ਐਨੀ ਸਪਸ਼ਟਤਾ, ਸਰਲਤਾ ਅਤੇ ਸਮਝਣ 'ਚ ਆਸਾਨ ਹੋਣ ਦੇ ਬਾਵਜੂਦ ਕੁਝ ਲੋਕਾਂ ਨੇ ਬੇਸਮਝੀ ਕਾਰਨ ਵਾਦ-ਵਿਵਾਦ ਦਾ ਵਿਸ਼ਾ ਬਣਾ ਲਿਆ ਤੇ ਇਸ 'ਤੇ ਅਮਲ ਰੋਕ ਦਿੱਤਾ ਗਿਆ। ਪੰਥਕ ਵਿਦਵਾਨਾਂ ਅਤੇ ਵੱਖ-ਵੱਖ ਜਥੇਬੰਦੀਆਂ ਦੀਆਂ ਕਈ ਮੀਟਿੰਗਾਂ ਹੋਣ ਉਪਰੰਤ ਲਏ ਫ਼ੈਸਲੇ ਤੋਂ ਬਾਅਦ 2003 ਈ: 'ਚ ਨਾਨਕਸ਼ਾਹੀ ਕੈਲੰਡਰ ਮੁੜ ਲਾਗੂ ਕੀਤਾ ਗਿਆ। ਕੁੱਝ ਤਾਕਤਾਂ ਨਹੀਂ ਚਾਹੁੰਦੀਆਂ ਹਨ ਕਿ ਸਿੱਖਾਂ ਦਾ ਆਪਣਾ ਕੋਈ ਵੱਖਰਾ ਕੈਲੰਡਰ ਹੋਵੇ, ਜਿਹੜਾ ਕੈਲੰਡਰ ਵਿਗਿਆਨ, ਗੁਰਬਾਣੀ ਅਤੇ ਇਤਿਹਾਸਕ ਤੱਥਾਂ 'ਤੇ ਪੂਰਾ ਉੱਤਰਦਾ ਹੋਵੇ। ਉਨ੍ਹਾਂ ਨੇ ਲਗਾਤਾਰ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਤੇ ਅੰਤ ਮਾਰਚ 2010 ਈ: ਵਿਚ ਸੋਧਾਂ ਦੇ ਨਾਂ 'ਤੇ ਫਿਰ ਮਿਲਗੋਭਾ ਕੈਲੰਡਰ , ਸੂਰਜੀ ਬਿਕ੍ਰਮੀ (ਦ੍ਰਿਕ ਗਣਿਤ ਸਿਧਾਂਤ) ਕੌਮ ਦੇ ਸਿਰ ਮੜ੍ਹ ਦਿੱਤਾ।

ਸ: ਪਾਲ ਸਿੰਘ ਜੀ ਪੁਰੇਵਾਲ ਜੀ ਨੇ 500 ਸਾਲਾਂ ਜੰਤਰੀ (1469-2000) ਦੇ ਨਾਲ-ਨਾਲ, ਹਿਜਰੀ ਕੈਲੰਡਰ (1 AH-1500 AH ) ਤਿਆਰ ਕੀਤਾ। ਉਨ੍ਹਾਂ ਦੀ ਇਹ ਵੱਡ ਆਕਾਰੀ ਕਿਤਾਬ, ਪਾਕਿਸਤਾਨ 'ਚ 2007 ਈ 'ਚ ਛਪੀ। ਇਸ ਖੋਜ ਭਰਪੂਰ ਪੁਸਤਕ ਲਈ ਸ: ਪਾਲ ਸਿੰਘ ਪੁਰੇਵਾਲ ਨੂੰ 'ਜੀਵਨ ਭਰ ਦੀ ਪ੍ਰਾਪਤੀ' ਪੁਰਸਕਾਰ ਮਿਲਿਆ ਅਤੇ ਦਿਆਲ ਸਿੰਘ ਕਾਲਜ ਲਾਹੌਰ ਦੀ ਲਾਇਬਰੇਰੀ 'ਚ ਵਿਸ਼ੇਸ਼ ਤੌਰ 'ਤੇ ਪੁਰੇਵਾਲ ਕੌਰਨਰ ਬਣਾਇਆ ਗਿਆ, ਜਿੱਥੇ ਉਨ੍ਹਾਂ ਦੀ ਫ਼ੋਟੋ ਲੱਗੀ ਹੋਈ ਹੈ। ਅਗਸਤ 2022 ਈ: ਵਿੱਚ, ਉਨ੍ਹਾਂ ਦੀ ਨਵੀ ਕਿਤਾਬ, "Nanakshahi Calendar with Calendar Conversion Tables for 632 Years" (1469-2100 ਈ:) ਛਪੀ ਸੀ। ਇਨ੍ਹਾਂ ਤਿੰਨਾਂ ਪੁਸਤਕਾਂ ਤੋਂ ਇਲਾਵਾ ਉਨ੍ਹਾਂ ਦੇ ਬਹੁਤ ਸਾਰੇ ਖੋਜ ਪੱਤਰ ਯੂਨੀਵਰਸਿਟੀਆਂ ਦੇ ਸੈਮੀਨਾਰਾਂ 'ਚ ਪੜ੍ਹੇ ਅਤੇ Journals 'ਚ ਛਾਪੇ ਗਏ। ਨਵੀ ਛਪੀ ਕਿਤਾਬ ਨੂੰ ਜਿਉਂਦੇ ਜੀ ਉਹ ਆਪਣੇ ਅੱਖੀਂ ਵੇਖ ਤਾਂ ਗਏ, ਪਰ ਰਸਮੀ ਤੌਰ 'ਤੇ ਰੀਲੀਜ਼ ਕਰਨ ਲਈ, ਕਨੇਡੀਅਨ ਸਿੱਖ ਸਟੱਡੀ ਐਂਡ ਟੀਚਿੰਗ ਸੁਸਾਇਟੀ ਵੱਲੋਂ ਸਰੀ ਵਿਖੇ ਰੱਖੇ ਸਮਾਗਮ (23 ਸਤੰਬਰ 2022 ਈ) ਤੋਂ ਇਕ ਦਿਨ ਪਹਿਲਾ, ਉਹ 22 ਸਤੰਬਰ 2022 ਦਿਨ ਵੀਰਵਾਰ ਨੂੰ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

ਇੱਕ ਪਾਸੇ ਇਸਲਾਮ ਜਗਤ ਹੈ, ਜਿਨ੍ਹਾਂ ਨੇ ਸ. ਪਾਲ ਸਿੰਘ ਜੀ ਪੁਰੇਵਾਲ ਦੀ ਖੋਜ ਦੀ ਕਦਰ ਕੀਤੀ, ਦੂਜੇ ਪਾਸੇ ਸਿੱਖ ਜਗਤ ਹੈ, ਜਿਸ ਦੇ ਚੌਧਰੀਆਂ ਨੇ ਸਿਆਸੀ ਹਿੱਤਾਂ ਖਾਤਰ ਸੋਧਾਂ ਦੇ ਨਾਂ ਹੇਠ ਮੁੜ (ਮਾਰਚ 2010 ਈ) ਬਿਕ੍ਰਮੀ ਕੈਲੰਡਰ (ਦ੍ਰਿਕ ਗਿਣਤ ਸਿਧਾਂਤ) ਲਾਗੂ ਕਰ ਦਿੱਤਾ। ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਧਰਮ ਦੇ ਉੱਪਰ ਸਿਆਸਤ ਭਾਰੂ ਹੋ ਚੁੱਕੀ ਹੈ, ਜਿਸ ਕਾਰਨ ਸਹੀ ਫੈਸਲੇ ਲੈਣ ਦੀ ਥਾਂ, ਸਿਆਸੀ ਹਿੱਤਾਂ ਨੂੰ ਮੁੱਖ ਰੱਖਿਆ ਜਾਂਦਾ ਹੈ।



Quomantry Amritsar Times 30 January to 05 February 2013

## 2003 'ਚ ਜਾਰੀ ਹੋਇਆ ਮੂਲ ਨਾਨਕਸ਼ਾਹੀ ਕੈਲੰਡਰ ਹੀ ਸਰਬ ਪ੍ਰਵਾਨਿਤ : ਜਥੇਦਾਰ ਵੇਦਾਂਤੀ

ਨਵੀਂ ਦਿੱਲੀ/ਬਿਊਰੋ ਨਿਊਜ਼

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਭਖੇ ਨਾਨਕਸ਼ਾਹੀ ਕੈਲੰਡਰ ਦੇ ਮੁੱਦੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਕਿਹਾ ਕਿ ਸੰਨ 2003 ਵਿਚ ਜਾਰੀ ਕੀਤਾ ਗਿਆ ਮੂਲ ਨਾਨਕਸ਼ਾਹੀ ਕੈਲੰਡਰ ਹੀ ਸਰਬ-ਪ੍ਰਵਾਨਿਤ ਹੈ, ਜਿਸ ਨੂੰ ਪੰਜ ਤਖ਼ਤਾਂ ਦੇ ਜਥੇਦਾਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਅਤੇ ਦੇਸ਼-ਵਿਦੇਸ਼ ਵਿਚ ਵਸਦੀ ਸਿੱਖ ਸੰਗਤ ਤੇ ਸਿੱਖ ਵਿਦਵਾਨਾਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਹੀ ਜਾਰੀ ਕੀਤਾ ਗਿਆ ਸੀ। ਜਥੇਦਾਰ ਵੇਦਾਂਤੀ ਨੇ ਕਿਹਾ ਕਿ ਸਮੁੱਚੇ ਵਿਸ਼ਵ ਭਰ ਵਿਚ 2009 ਤੱਕ ਇਸੇ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਦੇ ਪ੍ਰਬੰਧ ਹੇਠ ਚਲਦੇ ਤੇ ਗੁਰਦੁਆਰਿਆਂ ਵਿਖੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਦਿਹਾੜੇ ਮਨਾਏ ਜਾਂਦੇ ਰਹੇ। ਪਰ 2010 ਵਿਚ ਆਰਐੱਸਐੱਸ ਤੇ ਭਾਜਪਾ ਦੇ ਕਥਿਤ ਦਬਾਅ ਹੇਠ ਆ ਕੇ ਅਕਾਲੀ ਦਲ